R.N.I. No.: PUNENG/2014/59759 ISSN: 2348-9936

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਅਤੇ ਵਿਚਾਰਾਂ ਦੀ ਆਜ਼ਾਦੀ

ਡਾ. ਅਰਵਿੰਦਰ ਕੌਰ*

**ਸਾਰ**

ਗੁਰੂ ਤੇਗ ਬਹਾਦਰ ਜੀ ਨੇ ਦੇਸ ਵਿਚ ਹੋ ਰਹੇ ਜਬਰ ਅਤੇ ਅਨਿਆਂ ਦੇ ਖਿਲਾਫ਼ ਅਪਣੀ ਅਵਾਜ਼ ਬੁਲੰਦ ਕਰਦਿਆਂ ਬਲੀਦਾਨ ਦਿੱਤਾ। ਉਨ੍ਹਾਂ ਦੀ ਸ਼ਹਾਦਤ ਦੀ ਸਾਰਥਿਕਤਾ ਅੱਜ ਵੀ ਵੇਖਣ ਵਿੱਚ ਆਉਂਦੀ ਹੈ।ਜਿਸ ਨਾ ਬਰਾਬਰੀ ਵਾਲੇ ਸਮਾਜ ਵਿੱਚ ਅਸੀਂ ਰਹਿ ਰਹੇ ਹਾਂ ਉਸ ਵਿੱਚ ਹਰ ਪੱਖੋਂ ਵਿਤਕਰਾ ਜਾਰੀ ਹੈ। ਜਦੋਂ ਲੋਕ ਹੱਕ ਤੇ ਸੱਚ ਦੇ ਗਵਾਹ ਬਣਦੇ ਹਨ ਤਾਂ ਉਨ੍ਹਾਂ ਨੂੰ ਦਬਾਉਣ ਲਈ ਕਈ ਤਰ੍ਹਾਂ ਦੇ ਹੱਥ ਕੰਡੇ ਵਰਤੇ ਜਾਂਦੇ ਹਨ।ਇਸ ਅਸਾਵੇਂ ਵਿਕਾਸ ਵਾਲੇ ਮੁਲਕ ਦੇ ਵਿਚ ਜਿਥੇ ਜਾਤ-ਪਾਤ ਦੀ ਪੀਡੀ ਜਕੜ ਵੇਖਣ ਨੂੰ ਮਿਲਦੀ ਹੈ ਉਥੇ ਧਰਮ ਦਾ ਵੀ ਬੋਲਬਾਲਾ ਹੈ।ਭਾਰਤੀ ਸੰਵਿਧਾਨ ਦੇ ਮੁਤਾਬਕ ਭਾਵੇਂ ਸਾਰੇ ਧਰਮਾਂ ਨੂੰ ਬਰਾਬਰ ਦਾ ਸਨਮਾਨ ਪ੍ਰਾਪਤ ਹੈ ਸਾਡੇ ਸੰਵਿਧਾਨ ਵਿੱਚ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ। ਸਾਡੇ ਮੌਲਿਕ ਅਧਿਕਾਰਾਂ ਦੇ ਵਿਚ ਸਵੈ ਪ੍ਰਗਟਾਵੇ ਦੀ ਸੁਤੰਤਰਤਾ ਦਾ ਅਧਿਕਾਰ ਵੀ ਸ਼ਾਮਲ ਹੈ ਪਰ ਨਾਲ ਇਹ ਵੀ ਜੁੜਿਆ ਹੋਇਆ ਹੈ ਕਿ ਸਾਡੇ ਵਿਚਾਰਾਂ ਦਾ ਪ੍ਰਗਟਾਵਾ ਕਿਸੇ ਨੂੰ ਮਾਨਸਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਵੇ।ਜਦੋਂ ਸਿਆਸਤ ਤੇ ਵਿੱਚ ਧਾਰਮਿਕ ਕੱਟੜਤਾ ਹਾਵੀ ਹੁੰਦੀ ਹੈ ਤਾਂ ਉਸ ਸਮੇਂ ਲੋਕਾਂ ਦੇ ਹਿੱਤਾਂ ਨੂੰ ਅਣਗੌਲਿਆ ਕਰਕੇ ਧਾਰਮਿਕਤਾ ਦੇ ਜਨੂੰਨੀ ਅਸਰ ੱਚ ਹੀ ਫੈਸਲੇ ਲਏ ਜਾਂਦੇ ਹਨ। ਧਰਮਤੰਤਰੀ ਸਟੇਟ ਬਣਾਉਣ ਲਈ ਜਦੋਂ ਹਾਕਮ ਜਮਾਤ ਆਪਣੇ ਮਨਸੂਬੇ ਘੜਦੀ ਹੈ ਤਾਂ ਅਜੇਹੇ ਸਮੇ ਦੇਸ਼ ਦੇ ਸਮਾਜਿਕ ਵਿਕਾਸ ਤੇ ਮਾਨਵੀ ਵਿਕਾਸ ਦੀ ਦਸ਼ਾ ਵਿਨਾਸ਼ ਵੱਲ ਜਾਂਦੀ ਹੈ । ਔਰੰਗਜ਼ੇਬ ਨੇ ਵੀ ਆਪਣੇ ਸਮੇਂ ਧਰਮਤੰਤਰੀ ਮੁਲਕ ਬਣਾਉਣ ਦਾ ਸੁਪਨਾ ਲਿਆ ਸੀ ਜਿਸ ਨਾਲ ਸਮਾਜ ਵਿਚ ਜਬਰ ਵਧਿਆ ਤੇ ਉਸ ਨੂੰ ਠੱਲ੍ਹ ਪਾਉਣ ਵਾਲੇ ਵੀ ਸਮਾਜ ਵਿਚੋਂ ਹੀ ਪੈਦਾ ਹੋਏ । ਅਜਿਹੀ ਸਥਿਤੀ ਅੱਜ ਸਾਡੇ ਸਮਾਜ ਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛਲੇ ਕਾਰਨਾਂ ਅਤੇ ਮੌਜੂਦਾ ਦੇਸ਼ ਦੀ ਸਥਿਤੀ ਨੂੰ ਸਾਹਮਣੇ ਰੱਖਦਿਆਂ ਇਸ ਪੇਪਰ ਨੂੰ ਉਲੀਕਿਆ ਗਿਆ ਹੈ। ਇਸ ਨਾਲ ਜੁੜੇ ਹੋਏ ਬਹੁਤ ਸਾਰੇ ਸੁਆਲ ਸਾਹਮਣੇ ਆਉਂਦੇ ਹਨ। ਜਿਨ੍ਹਾਂ ਦੇ ਸਨਮੁੱਖ ਹੋਣਾ ਬਹੁਤ ਜ਼ਰੂਰੀ ਹੈ ਇਹਨਾਂ ਸਭ ਨੂੰ ਕੇਂਦਰਿਤ ਕਰਦਿਆਂ ਇਸ ਪੇਪਰ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਉਪਰੋਕਤ ਵਿਸ਼ੇ ਨਾਲ ਇਨਸਾਫ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

(ੳ) ਸ਼ਹਾਦਤ ਕੀ ਹੁੰਦੀ ਹੈ। ਸ਼ਹਾਦਤ ਕਿਉਂ ਦਿੱਤੀ ਜਾਂਦੀ ਹੈ।

(ਅ) ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛਲੇ ਕਾਰਨਾਂ ਦੀ ਨਿਸ਼ਾਨਦੇਹੀ

(ੲ) ਮੌਜੂਦਾ ਸਮਾਜ ਚ ਵਿਚਾਰਾਂ ਦੀ ਆਜ਼ਾਦੀ ਦੇ ਸਵਾਲ ਨੂੰ ਲੈ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਸਾਰਥਿਕਤਾ

ਇਨ੍ਹਾਂ ਨੁਕਤਿਆਂ ਨੂੰ ਧਿਆਨ ਵਿੱਚ ਰੱਖ ਕੇ ਮੈਂ ਆਪਣਾ ਇਹ ਪੇਪਰ ਲਿਖਿਆ ਹੈ।

**ਮਹੱਤਵਪੂਰਨ ਸ਼ਬਦ:** ਸ਼ਹਾਦਤ, ਧਰਮਤੰਤਰੀ, ਤਾਨਾਸ਼ਾਹੀ, ਕੱਟੜਤਾ, ਸਰੋਕਾਰ, ਮਾਨਵੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੇਸ ਵਿਚ ਹੋ ਰਹੇ ਜਬਰ ਅਤੇ ਅਨਿਆਂ ਦੇ ਖਿਲਾਫ਼ ਅਪਨੀ ਅਵਾਜ਼ ਬੁਲੰਦ ਘਰਦਿਆ ਬਲਿਦਾਨ ਦਿੱਤਾ। ਉਨ੍ਹਾਂ ਦੀ ਸ਼ਹਾਦਤ ਪਿਛਲੇ ਕਾਰਨਾਂ ਅਤੇ ਮੌਜੂਦਾ ਦੇਸ਼ ਦੀ ਸਥਿਤੀ ਨੂੰ ਸਾਹਮਣੇ ਰੱਖਦਿਆਂ ਇਸ ਖੋਜ ਪੇਪਰ ਨੂੰ ਉਲੀਕਿਆ ਗਿਆ ਹੈ। ਇਸ ਨਾਲ ਜੁੜੇ ਹੋਏ ਬਹੁਤ ਸਾਰੇ ਸੁਆਲ ਸਾਹਮਣੇ ਆਉਂਦੇ ਹਨ। ਜਿਨ੍ਹਾਂ ਦੇ ਸਨਮੁੱਖ ਹੋਣਾ ਬਹੁਤ ਜ਼ਰੂਰੀ ਹੈ ਇਹਨਾਂ ਸਭ ਨੂੰ ਕੇਂਦਰਿਤ ਕਰਦਿਆਂ ਇਸ ਪੇਪਰ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਉਪਰੋਕਤ ਵਿਸ਼ੇ ਨਾਲ ਇਨਸਾਫ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

(ੳ) ਸ਼ਹਾਦਤ ਕੀ ਹੁੰਦੀ ਹੈ? ਸ਼ਹਾਦਤ ਕਿਉਂ ਦਿੱਤੀ ਜਾਂਦੀ ਹੈ?

(ਅ) ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛਲੇ ਕਾਰਨਾਂ ਦੀ ਨਿਸ਼ਾਨਦੇਹੀ

(ੲ) ਮੌਜੂਦਾ ਸਮਾਜ ਚ ਵਿਚਾਰਾਂ ਦੀ ਆਜ਼ਾਦੀ ਦੇ ਸਵਾਲ ਨੂੰ ਲੈ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਸਾਰਥਿਕਤਾ

ਗੁਰੂ ਜੀ ਦੀ ਸ਼ਹਾਦਤ ਦੀ ਮਿਸਾਲ ਸਾਰੇ ਸੰਸਾਰ ਦੇ ਇਤਿਹਾਸ ਵਿੱਚ ਨਹੀਂ ਮਿਲਦੀ ਜਿਨ੍ਹਾਂ ਨੇ ਆਪਣੇ ਭਾਈਚਾਰੇ ਨਿੱਜ ਦੀ ਖ਼ਾਤਰ ਨਹੀਂ ਸਮੁੱਚੀ ਮਨੁੱਖਤਾ ਲਈ ਕੁਰਬਾਨੀ ਦਿੱਤੀ। ਸਮਾਜ ਵਿੱਚ ਲੋਕਾਂ ਨਾਲ ਹੋ ਰਹੇ ਅਨਿਆਂ ਵਿਰੁੱਧ ਡੱਟਣਾ ਤੇ ਆਪਣੀ ਜ਼ਿੰਦਗੀ ਲੋਕਾਂ ਲੇਖੇ ਲਾਉਣਾ ਕਿਸੇ ਕਿਸੇ ਦੇ ਭਾਗੀ ਆਉਂਦਾ ਹੈ। ਗੁਰਮਤਿ ਫ਼ਲਸਫ਼ੇ ਅੰਦਰ ਤਿਆਗ ਤੇ ਕੁਰਬਾਨੀ ਦੀ ਭਾਵਨਾ ਨੂੰ ਵਿਸ਼ੇਸ਼ ਸਪੇਸ ਪ੍ਰਦਾਨ ਕੀਤੀ ਗਈ ਹੈ। ਗੁਰੂ ਨਾਨਕ ਦੇਵ ਸਿਰ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਤੱਕ ਗੁਰਮਤਿ ਪਰੰਪਰਾ ਦਾ ਸਾਨਾਮੱਤਾ ਇਤਿਹਾਸ ਹੈ। ਅਜਿਹੀ ਕੁਰਬਾਨੀ ਦੀ ਮੌਤ ਮਰਨ ਵਾਲਾ ਆਮ ਵਿਅਕਤੀ ਨਹੀਂ ਬਲਕਿ ਸ਼ਹੀਦ ਹੁੰਦਾ ਹੈ ਜੋ ਦੂਜਿਆਂ ਲਈ ਮਾਰਗ ਦਰਸ਼ਕ ਬਣਦਾ

* ਅਸਿਸਟੈਂਟ ਪ੍ਰੋਫ਼ੈਸਰ ਪਬਲਿਕ ਕਾਲਜ, ਸਮਾਣਾ

ਹੈ। ਅਜਿਹਾ ਨਿਡਰ ਪੁਰਸ਼ ਅਮਰ ਹੋ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਸ਼ਹਾਦਤ ਦੇ ਇਸ ਸੰਕਲਪ ਬਾਰੇ ਇਸ ਤਰ੍ਹਾਂ ਲਿਖਦੇ ਹਨ।

ਭੈ ਕਾਹੂ ਕਉ ਦੇਹ ਨਹਿ ਨਹਿ ਭੈ ਮਾਨਤ ਆਨ
ਕਹੁ ਨਾਨਕ ਸੁਨਿਰੇ ਮਨਾ ਗਿਆਨੀ ਤਾਹਿ ਬਖਾਨਿ॥ (1)

ਸ਼ਹਾਦਤ ਦੇ ਵਿਭਿੰਨ ਅਰਥ ਸਾਹਮਣੇ ਆਉਂਦੇ ਹਨ:

'ਸ਼ਹਾਦਤ- ਸੰਗਯਾ, ਸੱਚੀ ਗਵਾਹੀ, ਸ਼ਹੀਦੀ, ਧਰਮ ਯੁੱਧ ਵਿੱਚ ਮੌਤ'(2)

'ਸ਼ਹਾਦਤ-ਸ਼ਹੀਦੀ, ਕੁਰਬਾਨੀ, ਗਵਾਹੀ ,ਪ੍ਰਮਾਣ, ਸਾਖੀ'(3)

ਡਾ. ਰਤਨ ਸਿੰਘ ਜੱਗੀ ਅਨੁਸਾਰ, 'ਸ਼ਹਾਦਤ ਕਿਸੇ ਧਰਮ ਜਾਂ ਸਮਾਜ ਵਿੱਚ ਜਦੋਂ ਅੱਤਿਆਚਾਰ ਸਿਖਰ ਉੱਤੇ ਪਹੁੰਚ ਜਾਂਦਾ ਹੈ, ਓਦੋਂ ਸੱਭਿਆਚਾਰ ਦੀ ਸਥਾਪਨਾ ਲਈ ਕੋਈ ਯੁੱਗ ਪੁਰਸ਼ ਆਪਣੀ ਸਰੀਰਕ ਆਹੂਤੀ ਦਿੰਦਾ ਹੈ। ਇਸ ਸਾਰੀ ਪ੍ਰਕਿਰਿਆ ਨੂੰ ਸ਼ਹਾਦਤ ਦਾ ਨਾਂ ਦਿੱਤਾ ਜਾਂਦਾ ਹੈ। ਸਾਮੀ ਸਭਿਆਚਾਰ ਵਿਚ ਸ਼ਹਾਦਤ ਦੇ ਪਰੰਪਰਾ ਮੌਜੂਦ ਹੈ। ਉੱਥੇ ਪੁਰਾਤਨ ਅਧਿਆਤਮਕ ਸਤਿ ਜਾਂ ਪੁਰਾਤਨ ਸਮਾਜਿਕ ਸੰਤੋਸ ਜਾਂ ਪੁਰਾਤਨ ਬੌਧਿਕਤਾ ਗਿਆਨ ਨੂੰ ਵੰਗਾਰੇ ਜਾਣ ਵੇਲੇ ਸ਼ਹਾਦਤ ਦਾ ਜਲੌ ਵੇਖਿਆ ਜਾਂਦਾ ਹੈ। ਭਾਰਤ ਵਿੱਚ ਸ਼ਹਾਦਤ ਦੀ ਬਿਰਤੀ ਦਾ ਅਭਾਵ ਸੀ। ਇਸ ਬਿਰਤੀ ਦਾ ਉਦਘਾਟਨ ਪੰਜਾਬ ਵਿੱਚ ਪੰਚਮ ਅਤੇ ਨਵਮ ਗੁਰੂ ਸਾਹਿਬਾਨ ਨੇ ਕਰਕੇ ਸਮਾਜ ਅਤੇ ਧਰਮ ਦੇ ਸਮੁੱਚੇ ਸਰੂਪ ਨੂੰ ਬਦਲਣ ਦਾ ਯਤਨ ਕੀਤਾ।'(4)

ਗੁਰੂ ਸਾਹਿਬ ਦੀ ਸ਼ਹਾਦਤ ਦੀ ਮਿਸਾਲ ਸਾਰੇ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲਦੀ। ਇਹ ਇਕ ਦਰਦਨਾਕ ਘਟਨਾ ਹੈ ਜਿਸ ਬਾਰੇ ਸੁਣ ਕੇ ਹਰ ਸੰਵੇਦਨਸ਼ੀਲ ਮਨੁੱਖ ਦੇ ਲੂ ਕੰਡੇ ਖੜੇ ਹੋ ਜਾਂਦੇ ਹਨ। ਗੁਰੂ ਜੀ ਦੀ ਸ਼ਹਾਦਤ ਆਪਣੇ ਲੋਕਾ ਦੇ ਵਿਚਾਰਾਂ ਦੀ ਆਜ਼ਾਦੀ, ਜਿਉਣ ਦੀ ਆਜ਼ਾਦੀ, ਧਰਮ ਦੀ ਆਜ਼ਾਦੀ ਲਈ ਸੀ। ਹਿੰਦੂ ਧਰਮ ਅਤੇ ਇਸ ਦੇ ਧਾਰਮਿਕ ਚਿੰਨ੍ਹਾਂ ਨੂੰ ਬਰਕਰਾਰ ਰੱਖਣ ਲਈ ਗੁਰੂ ਜੀ ਨੇ ਅਪਨੀ ਜਾਨ ਦੇ ਕੇ ਜ਼ਿੰਮੇਵਾਰੀ ਨਿਭਾਈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਕਾਲ 1621 ਤੋਂ 1675 ਤੱਕ ਹੈ। ਉਸ ਸਮੇਂ ਦੀ ਰਾਜਸੀ ਸਥਿਤੀ ਬਹੁਤ ਡਾਵਾਂ ਡੋਲ ਸੀ ਕਿਉਂਕਿ ਸ਼ਾਹ ਜਹਾਨ ਦੇ ਤਖਤ 'ਤੇ ਬੈਠਣ ਤੋਂ ਲੈ ਕੇ ਔਰੰਗਜ਼ੇਬ ਦੇ ਰਾਜ ਦਾ ਸਿਖਰ ਸੀ। ਉਨ੍ਹਾਂ ਨੇ ਧਾਰਮਿਕ ਕੱਟੜਤਾ ਤੇ ਕੁਰਹਾਮ ਮਚਾਇਆ ਹੋਇਆ ਸੀ। ਸ਼ਾਹ ਜਹਾਨ ਤੋਂ ਬਾਅਦ ਔਰੰਗਜ਼ੇਬ ਨੇ ਗੱਦੀ 'ਤੇ ਬੈਠਦਿਆਂ ਹੀ ਭਾਰਤ ਨੂੰ ਧਰਮ ਕੇਂਦ੍ਰਿਤ ਮੁਲਕ ਬਣਾਉਣ ਦੀਆਂ ਵਿਉਂਤਾਂ ਘੜਣੀਆਂ ਸੁਰੂ ਕੀਤੀਆਂ। ਉਸ ਨੇ ਇਸਲਾਮੀਆ ਮੁਲਕ ਬਣਾਉਣ ਵਾਸਤੇ ਆਪਣਾ ਪੱਕਾ ਇਰਾਦਾ ਕਰ ਲਿਆ। ਇਸ ਲਈ ਆਰਥਿਕ, ਸਮਾਜਿਕ ਰਾਜਸੀ ਤੇ ਧਾਰਮਿਕ ਆਦਿ ਹਰ ਖੇ ਤਰ ਵਿੱਚ ਗੈਰ-ਇਸਲਾਮੀ ਲੋਕਾਂ ਨਾਲ ਵਿਤਕਰੇ ਹੋਣ ਲੱਗੇ। ਉਸ ਨੇ ਗੈਰ-ਇਸਲਾਮੀ ਮਜ਼ਹਬੀ ਰਸਮਾਂ, ਦਰਸ਼ਨ, ਵਿਚਾਰ ਪ੍ਰਗਟਾਵੇ ਉੱਪਰ ਪਾਬੰਦੀ ਲਾ ਦਿੱਤੀ। ਹਿੰਦੂਆਂ ਨੂੰ ਨਾਗਰਿਕਤਾ ਦੇ ਹੱਕਾਂ ਤੋਂ ਵਾਂਝਾ ਕਰਨ ਲਈ ਫੌਜ ਵਿੱਚ ਮੁਸਲਿਮ ਮਨਸਬਦਾਰਾਂ ਦੀ ਸੰਖਿਆ ਵਧਾਉਣੀ ਸੁਰੂ ਕਰ ਦਿੱਤੀ। ਔਰੰਗਜ਼ੇਬ ਨੇ 1669 ਈ. ਵਿੱਚ ਹੁਕਮ ਜਾਰੀ ਕੀਤਾ ਕਿ ਹਿੰਦੂਆਂ ਦੇ ਸਕੂਲ ਬੰਦ ਕਰ ਦਿੱਤੇ ਜਾਣ ਤੇ ਮੰਦਰ ਢਾਹ ਦਿੱਤੇ ਜਾਣ। ਇਸ ਹੁਕਮ ਦੀ ਪਾਲਣਾ ਤਹਿਤ ਮਾਲਾਰੀਨਾ, ਵਿਸ਼ਵਨਾਥ (ਬਨਾਰਸ), ਗੋਪੀਨਾਥ (ਬਨਾਰਸ), ਕੇਸ਼ਵ ਰਾਏ (ਮਥੁਰਾ) ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਦਿੱਤੀਆਂ ਗਈਆਂ। ਮੁਸਲਮਾਨਾਂ ਤੋਂ ਬਿਨਾਂ ਕਿਸੇ ਹੋਰ ਨੂੰ ਆਪਣੇ ਸੁਤੰਤਰ ਵਿਚਾਰ ਪ੍ਰਗਟਾਉਣ ਦਾ ਹੱਕ ਨਹੀਂ ਸੀ। ਵਿਤਕਰੇ ਭਰੇ ਕਾਨੂੰਨ, ਟੈਕਸ ਨੀਤੀ ਤੇ ਹੋਰ ਕਈ ਤਰਾਂ ਦੀਆਂ ਵਧੀਕੀਆਂ ਕੀਤੀਆਂ ਜਾਣ ਲੱਗੀਆਂ। ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਜਬਰਦਸਤੀ ਕੀਤੀ ਗਈ। ਹਿੰਦੂਆਂ ਕੋਲ ਕੋਈ ਅਪੀਲ, ਦਲੀਲ, ਵਕੀਲ ਨਾ ਬਚਿਆ। ਉਨ੍ਹਾਂ ਕੋਲ ਇੱਕੋ ਰਾਹ ਸੀ ਜਾਂ ਤਾਂ ਮੁਸਲਮਾਨ ਬਣਨ ਜਾਂ ਫਿਰ ਮੌਤ ਕਬੂਲ ਕਰਨ। ਅਜਿਹੇ ਕਹਿਰ ਭਰੇ ਮਾਹੌਲ ਅੰਦਰ ਉਨ੍ਹਾਂ ਨੂੰ ਰਾਹ ਦਸੇਰੇ ਦੀ ਲੋੜ ਸੀ। 25 ਮਈ 1675 ਨੂੰ 16 ਕਸ਼ਮੀਰੀ ਬ੍ਰਾਹਮਣਾਂ ਦਾ ਇਕ ਜਥਾ ਚੱਕ ਨਾਨਕੀ ਆਇਆ। ਬਰਾਹਮਣਾ ਦੀ ਤਰਸਯੋਗ ਹਾਲਤ ਸੀ। ਬਹੁਤ ਸਾਰੇ ਹਿੰਦੂ ਕੇਦਾਰ ਨਾਥ, ਬਦਰੀਨਾਥ, ਪੁਰੀ, ਦੁਆਰਕਾ, ਰਾਂਚੀ, ਮਥੁਰਾ ਤੇ ਹੋਰ ਬਹੁਤ ਸਾਰੀਆਂ ਥਾਵਾਂ ਤੋਂ ਇਕੱਠੇ ਹੋ ਕੇ ਆਏ ਸਨ ਤੇ ਅੰਤ ਵਿਚ ਉਨ੍ਹਾਂ ਗੁਰੂ ਜੀ ਕੋਲ ਆਕੇ ਫਰਿਆਦ ਕੀਤੀ। ਉਨ੍ਹਾਂ ਨੇ ਕਿਹਾ ਕਿ ਕਸ਼ਮੀਰ ਦਾ ਨਵਾ ਗਵਰਨਰ ਇਫ਼ਤਿਖ਼ਾਰ ਖ਼ਾਨ ਔਰਗਜੇਬ ਦੇ ਇਸ਼ਾਰਿਆਂ ਤੇ ਨੱਚਦਾ ਹੋਇਆ ਹਰ ਰੋਜ਼ ਸੈਂਕੜੇ ਜਬਰੀ ਮੁਸਲਮਾਨ ਬਣਾ ਰਿਹਾ ਹੈ। ਗੁਰੂ ਜੀ ਨੇ ਉਨ੍ਹਾਂ ਦੀ ਬੇਵੱਸੀ ਨੂੰ ਸਮਝਿਆ ਤੇ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਉਹ ਖੁਦ ਔਰੰਗਜ਼ੇਬ ਨਾਲ ਗੱਲ ਕਰਨਗੇ। ਗੁਰੂ ਜੀ 300 ਮੀਲ ਆਪਣੇ ਸਾਥੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜੈਤਾ ਜੀ ਅਤੇ ਭਾਈ ਦਿਆਲਾ ਜੀ ਨਾਲ ਪੈਦਲ ਨਿਕਲ ਪਏ। ਉਨ੍ਹਾਂ ਨੇ ਔਰੰਗਜ਼ੇਬ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਕੀਤੀ ਤੇ ਉਸ ਨੂੰ ਲੋਕਾਂ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਿਆ ਕਿਹਾ ਰਾਜੇ ਨਾਤੇ ਜਨਤਾ ਪ੍ਰਤੀ ਆਪਣੇ ਜ਼ਿੰਮੇਵਾਰੀ ਸਮਝੋ। ਔਰਗਜੇਬ ਜੋ ਕੱਟੜਵਾਦੀ ਇਸਲਾਮੀਆ ਸੀ ਉਹ ਕਿਵੇਂ ਸਮਝ ਸਕਦਾ ਸੀ ਗੁਰੂ ਜੀ ਦੀ ਭਾਵਨਾ ਨੂੰ। ਉਹ ਰੋਹ ਨਾਲ ਭਰ ਗਿਆ ਕੇ ਧਰਮ ਜ਼ਬਰਦਸਤੀ ਤਲਵਾਰਾਂ ਦੀ ਨੋਕ ਉੱਤੇ ਨਹੀਂ ਬਣਾਇਆ ਜਾ ਸਕਦਾ, ਅਜੇਹੇ ਸ਼ਬਦ ਗੁਰੂ ਜੀ ਦੇ ਕਿਉਂ ਕਹੇ ਹਨ। ਗੁਰੂ ਜੀ ਨੂੰ ਔਰਗਜ਼ੇਬ ਨੇ ਡਰਾਉਣ ਧਮਕਾਉਣ ਦੀਆਂ ਬਹੁਤ ਸਾਰੀਆਂ ਕਾਰਵਾਈਆਂ ਕੀਤੀਆਂ ਪਰ ਗੁਰੂ ਜੀ ਆਪਣੇ ਵਚਨ 'ਤੇ ਅਟੱਲ ਰਹੇ। ਔਰੰਗਜ਼ੇਬ ਨੇ ਗੁਰੂ ਜੀ ਨੂੰ ਇਸਲਾਮ ਨਾ ਕਬੂਲਨ ਬਦਲੇ ਵੱਡੀ ਤੋਂ ਵੱਡੀ ਮੌਤ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ। ਗੁਰੂ ਜੀ ਨੂੰ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ ਤੇ ਉਨ੍ਹਾਂ ਨਾਲ ਆਏ

ਸਿੱਖਾਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਗਿਆ। ਗੁਰੂ ਜੀ ਜ਼ਰਾ ਨਾ ਡੋਲੇ। ਉਨ੍ਹਾਂ ਨੂੰ 11 ਨਵੰਬਰ 1675 ਨੂੰ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਜੱਲਾਦ ਜਲਾਲੂਦੀਨ ਨੇ ਤਲਵਾਰ ਨਾਲ ਗੁਰੂ ਜੀ ਦੇ ਸਿਰ 'ਤੇ ਵਾਰ ਕੀਤਾ ਜਦੋਂ ਕਿ ਔਰਗਜ਼ੇਬ ਚਾਹੁੰਦਾ ਸੀ ਕਿ ਗੁਰੂ ਜੀ ਦੀ ਦੇਹ ਦੇ ਟੁਕੜੇ ਕਰ ਕੇ ਸ਼ਹਿਰ ਦੇ ਚਾਰੇ ਪਾਸੇ ਲਟਕਾ ਦਿੱਤੇ ਜਾਣ। ਹਨ੍ਹੇਰੇ ਦੀ ਆੜ ਦੇ ਵਿਚ ਭਾਈ ਜੈਤਾ, ਭਾਈ ਨਾਨੂੰ ਰਾਮ, ਭਾਈ ਤੁਲਸੀ ਤੇ ਭਾਈ ਊਦਾ ਨੇ ਗੁਰ ਜੀ ਦੇ ਸੀਸ ਲੈ ਕੇ ਜਾਣ ਦੀ ਵਿਉਂਤ ਘੜੀ ਤੇ ਦੂਜੇ ਪਾਸੇ ਭਾਈ ਲੱਖੀ ਰਾਏ ਵਣਜਾਰਾ ਨੇ ਆਪਣੇ ਪੁੱਤਰਾਂ ਭਾਈ ਨਿਗਾਹੀਆ, ਹੇਮਾ ਤੇ ਹਾੜ ਦੀ ਮਦਦ ਨਾਲ ਗੁਰੂ ਜੀ ਦੀ ਧੜ ਨੂੰ ਚੁੱਕ ਲਿਆ ਤੇ ਆਪਣੇ ਘਰ ਜਾ ਕੇ ਘਰ ਨੂੰ ਅੱਗ ਲਗਾ ਕੇ ਸਸਕਾਰ ਕੀਤਾ। ਗੁਰੂ ਜੀ ਦੇ ਸਿਦਕ, ਹੌਸਲੇ ਤੇ ਨਿਡਰਤਾ ਦਾ ਜਿਕਰ ਵਾਰ ਵਾਰ ਹੁੰਦਾ ਹੈ ਜਿਸ ਕਰਕੇ ਉਨ੍ਹਾਂ ਦੇ ਕਦਰਦਾਨ ਆਪਣੇ ਆਪ ਨੂੰ ਜੋਖ਼ਮ ਵਿਚ ਪਾ ਕੇ ਗੁਰੂ ਜੀ ਦੀਆਂ ਅੰਤਮ ਰਸਮਾਂ ਨਿਭਾਉਂਦੇ ਹਨ। ਗੁਰੂ ਜੀ ਬਾਰੇ ਅਕਸਰ ਕਿਹਾ ਜਾਂਦਾ ਹੈ:

ਤਿਲਕ ਜੰਞੂ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਧਰਮ ਹੇਤ ਸਾਕਾ ਜਿਨਿ ਕੀਆ
ਸੀਸ ਦੀਆ ਪਰ ਸਿਰਰੁ ਨਾ ਦੀਆ॥ (5)

ਗੁਰੂ ਜੀ ਦੇ ਅਦਬ ਕੁਰਬਾਨੀ ਕਰਕੇ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਗੁਰੂ ਜੀ ਦੀ ਸ਼ਹੀਦੀ ਲੋਕਾਂ ਦੀ ਆਜ਼ਾਦੀ ਲਈ ਸਾਰੇ ਸੰਸਾਰ ਦੇ ਇਤਿਹਾਸ ਵਿੱਚ ਵਿਲੱਖਣ ਹੈ। ਔਰੰਗਜ਼ੇਬ ਦੀ ਕੱਟੜਵਾਦੀ ਨੀਤੀ ਕੱਟੜ ਕਾਜ਼ੀਆਂ ਤੇ ਮੁਲਾਣਿਆਂ ਨੂੰ ਬੜੀ ਰਾਸ ਆਈ। ਦੂਜੇ ਪਾਸੇ ਗੁਰੂ ਜੀ ਦੀ ਸ਼ਹੀਦੀ ਲੋਕ ਹਿੱਤਾਂ ਦੀ ਗਵਾਹੀ ਭਰਨ ਵਾਲੇ ਲੋਕਾਂ ਲਈ ਪ੍ਰੇਰਨਾ-ਸਰੋਤ ਬਣੀ। ਸਿੱਖ ਸੰਪਰਦਾਇ 'ਚ ਸ਼ਹੀਦੀ ਦਾ ਇਕ ਖਾਸ ਮੁਕਾਮ ਹੈ। ਸਿੱਖ ਧਰਮ ਦਿੱਤੇ ਅੰਤਰ-ਮੁਖੀ ਸਿਧਾਂਤਕ ਪੈਂਤੜੇ ਵਾਲਾ ਹੈ ਓਥੇ ਇਸ ਵਿਚਲੇ ਸਮਾਜਿਕ ਸਰੋਕਾਰਾਂ ਦੀ ਝਲਕ ਵੀ ਆਪ ਮੁਹਾਰੇ ਸਾਹਮਣੇ ਆਉਂਦੀ ਹੈ। ਇਸ ਦੇ ਲੋਕ ਪੱਖੀ ਅੰਸ਼ ਮਨੁੱਖਤਾ ਨੂੰ ਕਲਾਵੇ ਵਿੱਚ ਲੈਂਦੇ ਹੋਏ ਸਰਬੱਤ ਦਾ ਭਲਾ ਲੋਚਦੇ ਅਮਾਨਵੀ ਲੋਕ ਵਿਰੋਧੀ ਤੱਤਾਂ ਵਿਰੁੱਧ ਆਵਾਜ਼ ਵੀ ਬਣਦੇ ਹਨ। ਇਸ ਧਰਮ ਦੇ ਪੈਰੋਕਾਰ ਅਸਲ 'ਚ ਉਹ ਹਨ ਜਿੰਦਗੀ ਵਿੱਚ ਅਣਖ, ਸੱਚ, ਸਵੈਮਾਨ ਤੇ ਇਖ਼ਲਾਕ ਦੇ ਰਾਹ 'ਤੇ ਅਸਵਾਰ ਹੁੰਦੇ ਹੋਏ ਜ਼ੁਲਮ ਵਿਰੁੱਧ ਅਵਾਜ਼ ਬਣਦੇ ਹਨ। ਇਹ ਸ਼ਹੀਦ ਹੋ ਆਪਣਾ ਨਵਾਂ ਇਤਿਹਾਸ ਸਿਰਜਦੇ ਹਨ । ਸ਼ਹੀਦ ਅਜਿਹੇ ਲੋਕ ਹੁੰਦੇ ਹਨ ਜੋ ਕਿਸੇ ਖਾਤਰ ਭਾਵ ਲੋਕਾਂ ਲਈ ਕੁਦਰਤੀ ਮੌਤ ਤੋਂ ਪਹਿਲਾਂ ਹੀ ਮੌਤ ਸਵੀਕਾਰ ਕਰ ਲੈਂਦੇ ਹਨ ਤੇ ਉਨ੍ਹਾਂ ਦੀ ਕੁਰਬਾਨੀ ਨੂੰ ਸ਼ਹਾਦਤ ਦੇ ਨਾਮ ਜਾਣਿਆ ਜਾਂਦਾ ਹੈ।

ਸ਼ਹੀਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਖੁਦਾ ਦੇ ਰਾਹ' ਤੇ ਮਾਰਿਆ ਜਾਣ ਵਾਲਾ ਗਵਾਹ, ਸਾਖੀ ਜਾਂ ਸ਼ਾਹਦੀ ਭਰਨ ਵਾਲਾ।

ਸ਼ਹੀਦ ਦੀ ਬਹਾਦਰੀ ਭਰੀ ਮੌਤ ਆਪਣੇ ਸੁਨਹਿਰੀ ਇਤਿਹਾਸ ਰਾਹੀਂ ਸਮਾਜ ਨੂੰ ਚੜ੍ਹਦੀ ਕਲਾ ਦਾ ਸੁਨੇਹਾ ਦਿੰਦੀ ਹੈ। ਗੁਰੂ ਜੀ ਦੀ ਕੁਰਬਾਨੀ ਵਿਲੱਖਣਤਾ ਕਈ ਪੱਖਾਂ ਤੋਂ ਵੇਖੀ ਜਾ ਸਕਦੀ ਹੈ। ਮਾਨਵਤਾ ਨੂੰ ਬਚਾਉਣ, ਪੂਰੇ ਵਿਸ਼ਵ ਨੂੰ ਹੱਕ, ਸੱਚ, ਇਨਸਾਫ਼ ਲਈ ਮਰ ਮਿੱਟਣ ਦਾ ਜਜ਼ਬਾ ਪੈਦਾ ਕਰਦੀ ਇਹ ਕੁਰਬਾਨੀ ਮਜ਼ਲੂਮਾਂ ਤੇ ਨਿਆਸਰਿਆਂ ਵਿਚ ਨਵੀਂ ਰੂਹ ਪੈਦਾ ਕਰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬ ਦੇ ਪਦੇ 59 (15 ਰਾਗਾਂ) ਵਿੱਚ ਅਤੇ 57 ਸਲੋਕ ਦਰਜ਼ ਹਨ। ਗੁਰੂ ਜੀ ਦੇ ਸਲੋਕਾਂ ਵਿੱਚੋਂ ਬਾਹਰੀ ਅੰਸ਼ ਕਈ ਪੱਖਾਂ ਤੋਂ ਪ੍ਰਗਟਦੇ ਹਨ। ਗੁਰੂ ਜੀ ਸਮਾਜ ਦੇ ਕਪਟੀ ਪੱਖਾਂ ਵਿੱਚ ਪਰਪੰਚਾਂ, ਵਲਾਂ, ਛਲਾਂ, ਪਾਖੰਡਾਂ ਤੇ ਧੋਖਿਆਂ ਵੱਲ ਸੰਕੇਤ ਕਰਦੇ ਫੁਰਮਾਉਂਦੇ ਹਨ:

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਖ ਰਾਮ ਭਜਨ ਕੀ॥ (6)

ਜਦੋਂ ਗੁਰੂ ਜੀ ਦਾ ਸਮਾਂ ਸੀ ਉਸ ਸਮੇਂ ਸਿਆਸਤ ਤੇ ਧਰਮ ਦਾ ਗੱਠਜੋੜ ਸੀ ਤੇ ਪਰਜਾ ਦੁਖੀ ਤੇ ਵਿਆਕੁਲ ਸੀ। ਹਾਕਮਾਂ ਦਾ ਕੱਟੜਵਾਦੀ ਫਿਰਕੂ ਏਜੰਡਾ ਲੋਕਾਂ ਲਈ ਘਾਤਕ ਸੀ। ਇੱਕ ਧਰਮ ਦੇ ਨਾਲ ਸਬੰਧਤ ਲੋਕਾਂ ਨੂੰ ਆਜ਼ਾਦੀ ਸੀ ਪਰ ਗੈਰ ਮੁਸਲਿਮ ਲੋਕ ਦੱਬੇ ਤੇ ਵਿਤਕਰਿਆਂ ਦੀਆਂ ਅਨੇਕਾਂ ਪਰਤਾਂ 'ਚ ਭੈਅਮਈ ਜਿੰਦਗੀ ਜੀ ਰਹੇ ਸਨ। ਲੋਕਾਂ ਨੂੰ ਚੁੱਪ ਕਰਕੇ ਵੀ ਚੁੱਪ ਕਰ ਕੇ ਵੀ ਜਿਉਣ ਦਾ ਅਧਿਕਾਰ ਨਹੀਂ ਸੀ। ਉਨ੍ਹਾਂ 'ਤੇ ਅਧੀਨਗੀ ਭਰੇ ਮੁੱਲ ਲੱਧੇ ਜਾ ਰਹੇ ਸਨ। ਇਸ ਲਈ ਗੁਰੂ ਜੀ ਨੇ ਲੋਕਾਂ ਦੀ ਅਜ਼ਾਦੀ ਤੇ ਸਵੈ ਪ੍ਰਗਟਾਵੇ ਦੇ ਹੱਕ ਵਿੱਚ ਅਵਾਜ਼ ਉਠਾਉਣੀ ਪਈ। ਅੱਜ 21ਵੀਂ ਸਦੀ ਦੇ ਸੰਦਰਭ ਵਿਚ ਇਸ ਸ਼ਹਾਦਤ ਦੀ ਮਹੱਤਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ। ਗੁਰੂ ਜੀ ਦੀ ਸ਼ਹਾਦਤ ਵੀ ਅਜਿਹੇ ਹਾਲਤਾਂ ਦੀ ਵੰਗਾਰ ਬਣੀ ਉਹ ਅੱਜ ਵੀ ਬਰਕਰਾਰ ਹੈ। ਦੇਸ਼ ਅੰਦਰ ਲੋਕਾਂ ਉੱਤੇ ਹਿੰਸਕ ਹਮਲੇ ਹੋ ਰਹੇ ਹਨ ਕਿਉਂਕਿ ਸਵੈ ਵਿਚਾਰਾਂ ਦੇ ਪ੍ਰਗਟਾਵੇ ਦਾ ਖਾਤਮਾ ਕੀਤਾ ਜਾ ਰਿਹਾ ਹੈ। ਲੋਕਾਂ ਦੀ ਅਜ਼ਾਦੀ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ, ਵਿਭਿੰਨਤਾ ਭਰੇ ਵਿਚਾਰਾਂ ਨੂੰ ਖਤਮ ਕਰਨ ਦੇ ਕੀਤੇ ਜਾ ਰਹੇ ਹਨ। ਨਿਰਪੱਖ ਅਤੇ ਧਰਮ ਨਿਰਪੱਖ ਸੋਚ ਨੂੰ ਆਪਣੇ ਧਰਮ ਤੰਤਰੀ ਮੁਲਕ ਵਿੱਚ ਤਬਦੀਲ ਕਰਨ ਲਈ ਲਗਾਤਾਰ ਸੱਤਾਧਾਰੀ ਜਮਾਤ ਦੀਆਂ ਕੋਸ਼ਿਸ਼ਾਂ ਜਾਰੀ ਹਨ। ਜਦੋਂ ਕੇ ਸਾਡੇ ਸੰਵਿਧਾਨ ਅੰਦਰ ਸਭ ਲਈ ਇੱਕ ਬਰਾਬਰ ਸੁਤੰਤਰਤਾ ਦਾ ਅਧਿਕਾਰ ਹੈ ਜਿਸ ਤਹਿਤ ਸੁਤੰਤਰ ਵਿਚਾਰਾਂ ਦੇ ਪ੍ਰਗਟਾਵੇ ਤੇ ਧਰਮ ਨਿਰਪੱਖ ਰਾਜ ਦੀ ਗੱਲ ਕੀਤੀ ਗਈ ਹੈ। ਇਕ ਪਾਸੇ ਸੱਤਾਧਾਰੀ ਜਮਾਤ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਦੀ

ਰੋਕ ਲਾ ਰਹੀ ਹੈ ਦੂਜੇ ਪਾਸੇ ਸੰਵਿਧਾਨ ਕੁਝ ਬੋਲ ਰਿਹਾ ਹੈ।

2018 ਵਿੱਚ ਮਜਦੂਰ ਕਿਸਾਨ ਸ਼ਕਤੀ ਸੰਗਠਨ ਆਫ ਇੰਡੀਆ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ 19(1) ਧਾਰਾ ਵਿੱਚ ਅਤੇ 19(1) ਬੀ ਨਾਗਰਿਕਾਂ ਨੂੰ ਵਿਚਾਰ ਪ੍ਰਗਟਾਉਣ, ਸ਼ਾਤ ਮਈ ਇਕੱਠੇ ਹੋਣ ਦਾ ਅਧਿਕਾਰ ਦਿੰਦੇ ਹਨ। ਉੱਥੇ ਧਾਰਾਵਾਂ 19(2) ਅਤੇ 19(3) ਵਿੱਚ ਕੁਝ ਪਾਬੰਦੀਆਂ ਲਾਉਣ ਦੀ ਇਜਾਜ਼ਤ ਤੱਕ ਦਿੰਦੀਆਂ ਹਨ ਜਦੋਂ ਤੱਕ ਦੇਸ਼ ਦੀ ਪ੍ਰਭੂਸੱਤਾ ਨੂੰ ਖਤਰਾ ਹੋਵੇ।' ਉਹ ਲਿਖਤਾਂ ਜਾਂ ਵਿਚਾਰ ਜੋ ਮੁਲਕ ਅਤੇ ਲੋਕਾਂ ਦੇ ਹਿੱਤਾਂ ਵਿੱਚ ਹੋਣ ਨੂੰ ਘਟਾਉਣ ਵਿੱਚ ਚੋਰ ਮੋਰੀਆਂ ਰੱਖ ਕੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਨਾ ਵੀ ਇਕ ਅਪਰਾਧ ਹੀ ਹੈ।'[(7)]

ਧਰਮ ਦੀ ਆਜ਼ਾਦੀ ਦਾ ਅਧਿਕਾਰ 25 ਤੋਂ 28 ਅਨੁਛੇਦ ਤੱਕ ਦਰਜ ਹੈ ਜੋ ਕਿਸੇ ਵੀ ਧਰਮ ਨੂੰ ਅਪਣਾਉਣ, ਪ੍ਰਚਾਰ ਕਰਨ ਦਾ ਅਧਿਕਾਰ ਦਿੰਦਾ ਹੈ। ਭਾਰਤੀ ਸਵਿਧਾਨ ਦੇ ਤੀਜੇ ਭਾਗ ਵਿੱਚ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਵਿਵਸਥਾ ਕੀਤੀ ਗਈ ਹੈ ਅਤੇ 19 ਤੋਂ 23 ਅਨੁਛੇਦ ਤੱਕ ਦਰਸਾਇਆ ਗਿਆ ਹੈ। ਜਿੱਥੇ ਭਾਸ਼ਣ ਦੇਣ ਅਤੇ ਵਿਚਾਰਾਂ ਨੂੰ ਪ੍ਰਗਟਾਉਣ ਦਾ ਅਧਿਕਾਰ ਹੈ ਉੱਥੇ ਨਿਰਾਦਰੀ ਭਰੇ ਸ਼ਬਦ ਅਤੇ ਝੂਠੀ ਤੋਹਮਤ, ਅਦਾਲਤ ਦਾ ਅਪਮਾਨ, ਸਦਾਚਾਰ ਅਤੇ ਨੈਤਿਕਤਾ, ਰਾਜ ਦੀ ਸੁਰੱਖਿਆ, ਵਿਦੇਸ਼ਾਂ ਨਾਲ ਮਿੱਤਰਤਾ, ਅਪਰਾਧ ਲਈ ਉਤਸ਼ਾਹਟ ਆਦਿ ਬਾਰੇ ਉਚੇਚਾ ਧਿਆਨ ਦੇਣ 'ਤੇ ਜੋਰ ਦਿੱਤਾ ਹੈ ਜੇਕਰ ਕੋਈ ਇਨ੍ਹਾਂ ਉਪਰ ਸਹਿਮਤ ਨਹੀਂ ਹੁੰਦਾ ਤਾਂ ਉਸ ਉੱਪਰ ਪਾਬੰਦੀ ਲਾਈ ਜਾ ਸਕਦੀ ਹੈ ਗਿਆ ਹੈ। ਇਸੇ ਤਰ੍ਹਾਂ ਸੰਵਿਧਾਨ ਦੇ ਆਰਟੀਕਲ 25 ਵਿਚ ਧਾਰਮਿਕ ਸੁਤੰਤਰਤਾ ਦੇ ਅਧਿਕਾਰ ਤਹਿਤ ਧਰਮ ਦੀ ਪਾਲਣਾ ਦੇ ਅਧਿਕਾਰ ਵਿੱਚ ਧਰਮ ਨਾਲ ਜੁੜੀਆਂ ਪਰੰਪਰਾਵਾਂ ਦਾ ਪਾਲਣ ਕਰਦੇ ਸਮੇਂ ਸਿਹਤ, ਨੈਤਿਕਤਾ ਅਤੇ ਕਾਨੂੰਨ ਵਿਵਸਥਾ ਕਿਸੇ ਦੂਜੇ ਦੇ ਮੌਲਿਕ ਅਧਿਕਾਰ ਖ਼ਿਲਾਫ਼ ਨਾ ਹੋਵੇ।

ਆਰਟੀਕਲ 29 ਤੇ 30 ਵਿੱਚ ਘੱਟ ਗਿਣਤੀਆਂ ਨੂੰ ਆਪਣੇ ਧਰਮ, ਭਾਸ਼ਾ ਤੇ ਸੰਸਕ੍ਰਿਤੀ ਲਈ ਸਕੂਲ, ਕਾਲਜ ਤੇ ਹੋਰ ਪਰਚਾਰਕ ਸੰਸਥਾ ਬਣਾਉਣ ਤੇ ਚਲਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਜਦੋਂ ਮੁਲਕ ਦੀ ਕਰ ਤਸਵੀਰ ਦੇਖਦੇ ਹਾਂ ਤਾਂ ਇਕ ਅਜੰਡੇ ਤਹਿਤ ਇੱਕ ਭਾਸ਼ਾ, ਇੱਕ ਸੱਭਿਆਚਾਰ, ਇਕ ਧਰਮ ਬਣਾਉਣ ਦੀਆਂ ਸਾਜਿਸ਼ਾਂ ਨੇ ਵਿਚਾਰਾਂ ਦੇ ਪ੍ਰਗਟਾਵੇ ਤੇ ਗਹਿਰੀ ਸੱਟ ਮਾਰੀ ਹੈ। ਜੇਕਰ ਕੋਈ ਸੱਤਾਧਾਰੀ ਜਮਾਤ ਦੀਆਂ ਵਧੀਕੀਆਂ ਨੀਤੀਆਂ ਬਾਰੇ ਆਪਣੇ ਸੁਤੰਤਰ ਵਿਚਾਰ ਪੇਸ਼ ਕਰਦਾ ਹੈ ਜਾਂ ਲੋਕਾਂ ਨੂੰ ਹਾਕਮਾਂ ਦੀਆਂ ਬਦਨੀਤੀਆਂ ਬਾਰੇ ਜਾਣੂ ਕਰਵਾਉਂਦਾ ਹੈ ਤਾਂ ਉਸ ਉਪਰ ਕਈ ਤਰਾਂ ਦੇ ਝੂਠੇ ਕੇਸ ਕਰਕੇ ਹਿਰਾਸਤ ਵਿਚ ਲਿਆ ਜਾਂਦਾ ਹੈ। ਆਪਣੀ ਸੋਚ ਮੁਤਾਬਕ ਸੱਤਾਧਾਰੀ ਜਮਾਤ ਦੇਸ਼ ਭਗਤੀ ਦੇ ਅਰਥ ਦੱਸਦੀ ਹੈ ਅਜਿਹੇ ਸਮੇਂ ਅਤੇ ਹੱਕ ਦੀ ਲੜਾਈ ਕਰਨ ਵਾਲੇ ਲੋਕਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਂਦਾ ਹੈ।

ਮਾਰਕ ਟਵੇਨ ਨੇ ਠੀਕ ਹੀ ਕਿਹਾ ਹੈ ਕਿ ਦੇਸ਼ ਭਗਤੀ ਕਿਸੇ ਨਾਗਰਿਕ ਦਾ ਅਟੁੱਟ ਹੈ ਜਦ ਕਿ ਰਾਸ਼ਟਰਵਾਦ ਕਿਸੇ ਸਰਕਾਰ ਦੀ ਨੀਤੀ ਉੱਪਰ ਨਿਰਭਰ ਕਰਦਾ ਹੈ। ਉਸ ਵਿੱਚ ਵਖਰੇਵਾਂ ਤੇ ਵਿਭਿੰਨਤਾ ਹੋ ਸਕਦੀ ਹੈ ਪਰ ਸਾਡੇ ਮੁਲਕ ਹੈ ਅੱਜ ਜੋ ਵਿਚਾਰਾਂ ਨੂੰ ਦਬਾਅ ਕੇ ਉਨ੍ਹਾਂ ਨੂੰ ਆਤਮ ਮੁਗਧ ਦੀ ਅਵਸਥਾ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਜਿਸ ਤਹਿਤ ਹਿੰਦੂਤਵ ਪ੍ਰਚਾਰ ਦਾ ਵਿਸਤਾਰ ਹੋ ਸਕੇ ਅਜਿਹੀ ਸਥਿਤੀ ਜੁਬਾਨਬੰਦੀ ਕਰਦੀ ਹੋਈ ਮਨੁੱਖ ਨੂੰ ਆਪਣੀ ਸੁਤੰਤਰ ਗੱਲ ਕਹਿਣ ਤੋਂ ਰੋਕਦੀ ਹੈ। ਜਦੋਂ ਕਿ ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁੱਖੀ ਅਧਿਕਾਰਾਂ ਬਾਰੇ ਵਿਸ਼ਵਵਿਆਪੀ ਐਲਾਨ ਕੀਤਾ ਕਿ ਹਰੇਕ ਨੂੰ ਵਿਚਾਰ ਅਤੇ ਪ੍ਰਗਟਾਵੇ ਦਾ ਅਧਿਕਾਰ ਹੈ। ਇਸ ਅਧਿਕਾਰ ਵਿਚ ਬਿਨਾਂ ਕਿਸੇ ਦਖਲ ਤੋਂ ਵਿਚਾਰਾਂ ਨੂੰ ਕਿਸੇ ਮੰਚ 'ਤੇ ਆਜ਼ਾਦੀ ਨਾਲ ਰੱਖਣਾ, ਕਿਸੇ ਮਸਲੇ ਤੇ ਆਪਣੀ ਸਹਿਮਤੀ ਜਾਂ ਅਸਹਿਮਤੀ ਰੱਖਣ ਦੀ ਵੀ ਆਜ਼ਾਦੀ ਹੈ। ਅੱਜ ਸਮਾਜ ਵਿੱਚ ਅਜਿਹੀ ਸਥਿਤੀ ਪੈਦਾ ਹੋਈ ਹੈ ਜਿੱਥੇ ਸੱਤਾਧਾਰੀ ਜਮਾਤ ਤੁਹਾਡੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਬਲ ਕੇ ਤਾਨਾਸ਼ਾਹੀ ਰਵਈਆ ਅਖਤਿਆਰ ਕਰਦੀ ਆਪਣੇ ਏਜੰਡੇ ਜਬਰਦਸਤੀ ਨਾਲ ਲਾਗੂ ਕਰ ਰਹੀ ਹੈ ਇਥੇ ਸਵਾਲ ਉੱਠਦਾ ਹੈ ਕਿ ਕੀ ਕੀਤਾ ਜਾਵੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਬਿਜਲੀ ਸਾਰਥਿਕਤਾ ਇੱਥੇ ਸਾਹਮਣੇ ਆਉਂਦੀ ਹੈ ਜਿਨ੍ਹਾਂ ਨੇ ਧਰਮਤੰਤਰੀ ਦੇਸ਼ ਦੇ ਖਿਲਾਫ ਸਵੈ ਪ੍ਰਗਟਾਵੇ ਦੀ ਆਜ਼ਾਦੀ ਲਈ ਲੜਾਈ ਲੜੀ। ਇਹ ਸ਼ਹਾਦਤ ਅੱਜ ਹੋਰ ਵੀ ਪ੍ਰੇਰਨਾਯੋਗ ਹੋ ਜਾਂਦੀ ਹੈ ਜਦੋਂ ਜਿਊਣ ਦੀ ਹੋਂਦ ਤੇ ਸਵਾਲ ਪਰ ਸਮਾਜ ਵਿੱਚ ਪ੍ਰਸ਼ਨ ਚਿੰਨ ਲੱਗਾ ਹੋਵੇ। ਗੁਰੂ ਜੀ ਨੇ ਹਰ ਮਨੁੱਖ ਨੂੰ ਆਪਣੇ ਢੰਗ ਨਾਲ ਜਿਉਣ ਦਾ ਪੈਗ਼ਾਮ ਦਿੱਤਾ ਤੇ ਨਾਲੋ-ਨਾਲ ਇਹ ਵੀ ਜੁੜਿਆ ਹੈ ਉਸ ਵਿਅਕਤੀ ਦਾ ਵਿਚਰਨ ਢੰਗ ਮਾਨਵਤਾ ਲਈ ਘਾਤਕ ਨਾ ਹੋਵੇ। ਏਸ ਸ਼ਹਾਦਤ ਦੂਸਰੇ ਧਰਮ ਦੇ ਲੋਕਾਂ ਦੀ ਰੱਖਿਆ ਕਰਨ ਵਾਸਤੇ ਵੀ ਸੰਦੇਸ਼ ਦਿੰਦੀ ਹੈ ਇਹ ਸਾਨੂੰ ਸਿਖਾਉਂਦੀ ਹੈ ਅਤੇ ਆਪਣੀ ਅਣਖ ਤੇ ਜ਼ਮੀਰ ਜੀਉਂਦੀ ਰੱਖੀ ਜਾਵੇ ਇਹ ਨਾ ਹੋਵੇ ਕਿ ਇਸ ਸਥਾਪਤੀ ਸਾਹਵੇਂ ਝੁਕਦਿਆਂ ਆਪਣੀ ਜ਼ਮੀਰ ਨੂੰ ਮਾਰ ਦਿੱਤੀ ਜਾਵੇ ਜੋ ਅਧਿਕਾਰ ਸਾਡੇ ਮੌਲਿਕ ਹਨ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਲੜਾਈ ਲੜਨੀ ਜ਼ਰੂਰੀ ਹੈ। ਗੁਰੂ ਜੀ ਦੀ ਸ਼ਹਾਦਤ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਹਰ ਮਨੁੱਖ ਲਈ ਰਾਹ ਦਸੇਰਾ ਹੈ। ਇਹ ਦੱਸਦੀ ਹੈ ਕਿ ਕੂਟਨੀਤੀਆਂ ਤਹਿਤ ਇੱਕ-ਦੂਸਰੇ ਦੇ ਧਰਮ ਵਿਰੁੱਧ ਚੱਲ ਰਹੀਆਂ ਸਾਜਿਸ਼ਾਂ ਨੂੰ ਨਸ਼ਰ ਕਰਕੇ ਲੋਕਾਂ ਅੰਦਰ ਆਪਸੀ ਪਿਆਰ, ਮਿਲਵਰਤਨ, ਸਾਂਝੀਵਾਲਤਾ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

ਅੱਜ ਜਦੋਂ ਮਨੁੱਖ ਨਿੱਜਵਾਦੀ ਪ੍ਰਵਿਰਤੀ ਧਾਰਨ ਕਰਦਿਆਂ ਆਪਣੀ ਸਮਾਜਿਕ ਜ਼ਿੰਮੇਵਾਰੀ ਭੁੱਲ ਰਿਹਾ ਹੈ। ਇਹ ਸ਼ਹਾਦਤ ਉਸ ਨੂੰ ਆਪਣੀ ਨੀਚਤਾ ਤੋਂ ਉੱਪਰ ਉੱਠਣ ਦਾ ਸੰਦੇਸ਼ ਦਿੰਦੀ ਹੈ। ਆਪਣੀ

ਸਮੇਂ ਗੁਰੂ ਜੀ ਨੇ ਵਿਚਾਰਾਂ ਦੀ ਆਜ਼ਾਦੀ ਤੇ ਪਹਿਰਾ ਦਿੰਦਿਆਂ ਗਲਤ ਨੀਤੀਆਂ, ਵਿਚਾਰਾਂ ਤੇ ਕੱਟੜਤਾ ਵਿਰੁੱਧ ਬੇਝਿਜਕ ਗੱਲ ਰੱਖੀਂ। ਉਨ੍ਹਾਂ ਨੇ ਸਮਾਜ ਨੂੰ ਲੋਕਾਂ ਦੇ ਹੱਕ ਵਿਚ ਜੂਝਣ ਵਾਸਤੇ ਮਰ ਮਿਟਣ ਦਾ ਉਦੇਸ਼ ਨਹੀਂ ਦਿੱਤਾ ਬਲਕਿ ਕਰਕੇ ਵਿਖਾਇਆ ਹੈ। ਇਸ ਲਈ ਅੱਜ ਦੇ ਵਰਤਾਰੇ ਦੀਆਂ ਪ੍ਰਸਥਿਤੀਆਂ/ਅਮਾਨਵੀ ਹਲਾਤਾਂ ਵਿਰੁੱਧ ਲੜਨ ਅਤੇ ਆਪਣੀ ਅਵਾਜ਼ ਬਿਨਾ ਕਿਸੇ ਡਰ ਤੋਂ ਬੁਲੰਦ ਕਰਨ ਦਾ ਅਮਰ ਹੋਕਾ ਇਹ ਸ਼ਹਾਦਤ ਦਿੰਦੀ ਹੈ।

ਆਓ ਗੁਰੂ ਜੀ ਦੀ ਸ਼ਹਾਦਤ ਤੋਂ ਸਬਕ ਲੈਂਦੇ ਹੋਏ ਸਾਰੇ ਧਰਮਾਂ ਤੇ ਸਾਰੇ ਵਿਚਾਰਾਂ ਦਾ ਸਤਿਕਾਰ ਕਰੀਏ ਜਿਥੇ ਲੱਗੇ ਕਿ ਇਸ ਵਾਸਤੇ ਮਾਨਵੀ ਹਿਤਾਂ ਦੇ ਉਲਟ ਹਨ ਉਥੇ ਉਸ ਦੀ ਡਟ ਕੇ ਵਿਰੋਧਤਾ ਕਰੀਏ। ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨਾ ਕਰੀਏ, ਧਰਮ ਹਰ ਇਕ ਦਾ ਨਿੱਜੀ ਮਸਲਾ ਹੈ ਇਸ ਵਿਚ ਦਖਲ ਅੰਦਾਜੀ ਕਰਕੇ ਆਪਣੇ ਆਪ ਨੂੰ ਸ੍ਰੇਸ਼ਟ ਸਮਝਣਾ ਲੋਕ ਵਿਰੋਧੀ ਵਰਤਾਰਾ ਹੈ। ਸਮਾਜ ਵਿੱਚ ਫੈਲ ਰਹੀ ਫਿਰਕੂ ਕੱਟੜਵਾਦ ਦੀ ਹਨੇਰੀ ਸਾਹਵੇਂ ਮੁਕਾਬਲਾ ਕਰਨ ਲਈ ਇਹ ਸ਼ਹਾਦਤ ਸਬਕ ਦਿੰਦੀ ਹੈ ਜਿਸ ਨਾਲ ਆਲੇ ਦੁਆਲੇ ਫੈਲੀ ਨਫਰਤ ਦੀ ਬਦਬ ਨੂੰ ਦੂਰ ਕੀਤਾ ਜਾ ਸਕਦਾ ਹੈ। ਗੁਰੂ ਜੀ ਦੀ ਸ਼ਹਾਦਤ ਨੂੰ ਸ਼ਰਧਾਮਈ ਦੇਖਣ ਦੀ ਬਜਾਏ ਅਜੋਕੇ ਪ੍ਰਸੰਗ ਵਿੱਚ ਇਸ ਦੀ ਸਾਰਥਕਤਾ ਸਮਝਦਿਆਂ ਜਿਸ ਵਿੱਚਲੇ ਪ੍ਰਗਤੀਵਾਦੀ ਅੰਸ਼ਾਂ ਨੂੰ ਸਾਹਮਣੇ ਲਿਆਉਣ ਦੀ ਜ਼ਰੂਰਤ ਹੈ। ਇਹੀ ਸਮਾਂ ਮੰਗ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਸ੍ਰੀ ਆਦਿ ਗ੍ਰੰਥ, ਪੰਨਾ 1427
2. ਸਰੋਤ ਸਿੱਖ ਪੰਥ ਵਿਸ਼ਵਕੋਸ਼, ਗੁਰ ਰਤਨ ਪਬਲਿਸ਼ਰਜ਼ ਪਟਿਆਲਾ
3. ਗਰਸ਼ਬਦ ਰਤਨਾਕਰ ਮਹਾਨ ਕੋਸ਼ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ
4. ਪੰਜਾਬੀ ਯੂਨੀਵਰਸਿਟੀ ਪੰਜਾਬੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ
5. ਦਸ਼ਮ ਗ੍ਰੰਥ
6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਕ 411
7. //..27-11-19


* * * * *